ਸਰਕਾਰੀ ਆਰਟਸ ਅਤੇ ਸਪੋਰਟਸ ਕਾਲਜ
GOVERNMENT ARTS & SPORTS COLLEGE
Kapurthala Road, Near N.H.S. College, Jalandhar City
(ਸੰਵਿਧਾਨਿਕ ਕਾਲਜ ਦਾ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ, ਪਟਿਆਲਾ)
(Constituent College of The Maharaja Bhupinder Singh Punjab Sports University, Patiala)

ਪੱਤਰ ਨੰ. GASC/105/2026/662 ਮਿਤੀ: 19-08-2026

# ਕੁਟੇਸ਼ਨ ਨੋਟਿਸ

**ਸਰਕਾਰੀ ਆਰਟਸ ਅਤੇ ਸਪੋਰਟਸ ਕਾਲਜ ਜਲੰਧਰ** ਵੱਲੋਂ ਗਠਿਤ ਕਮੇਟੀ ਦੁਆਰਾ ਕਾਲਜ ਕੈਂਪਸ ਵਿਖੇ ਪਏ ਹੇਠ ਲਿਖੇ **ਨਾ ਵਰਤਣਯੋਗ/ਕੰਡਮ ਸਮਾਨ (Unserviceable/Condemned Material)** ਨੂੰ Dispose Off ਕਰਨ ਲਈ ਰਜਿਸਟਰਡ ਫਰਮਾਂ/ਏਜੰਸੀਆਂ/ਅਧਿਕਾਰਤ ਡੀਲਰਾਂ ਪਾਸੋਂ **ਸੀਲਡ ਕੁਟੇਸ਼ਨਾਂ** ਦੀ ਮੰਗ ਕੀਤੀ ਜਾਂਦੀ ਹੈ।

| ਲੜੀ ਨੰ. | ਸਮਾਨ ਦੀ ਕਿਸਮ |
|---|---|
| 1. | ਪੁਰਾਣਾ ਲੋਹਾ (Iron Scrap) |
| 2. | ਪਲਾਸਟਿਕ (Plastic Scrap) |
| 3. | ਐਲੂਮੀਨੀਅਮ (Aluminium Scrap) |
| 4. | ਰੱਦੀ/ਗੱਤਾ (Waste Paper/Cardboard) |
| 5. | ਬਾਲਣ/ਲੱਕੜੀ (Firewood) |
| 6. | ਟਿਨ ਸਕ੍ਰੈਪ (Tin Scrap) |
| 7. | ਸਟੀਲ ਸਕ੍ਰੈਪ (Steel Scrap)<br>Electronic Waste |

ਇੱਛੁਕ ਰਜਿਸਟਰਡ ਫਰਮਾਂ/ਏਜੰਸੀਆਂ/ਅਧਿਕਾਰਤ ਡੀਲਰ ਅੱਜ ਤੋਂ **ਮਿਤੀ 24-08-2026 (ਸਵੇਰੇ 09:00 ਵਜੇ ਤੋਂ ਦੁਪਹਿਰ 02:00 ਵਜੇ ਤੱਕ)** ਕਾਲਜ ਦਫ਼ਤਰ ਵਿਖੇ ਹਾਜ਼ਰ ਹੋ ਕੇ ਉਕਤ ਸਮਾਨ ਦੀ ਮੌਜੂਦਾ ਹਾਲਤ ਅਤੇ ਮਾਤਰਾ ਦਾ ਮੌਕੇ 'ਤੇ ਨਿਰੀਖਣ ਕਰ ਸਕਦੇ ਹਨ ਅਤੇ ਇਸ ਉਪਰੰਤ ਆਪਣੀਆਂ **ਸੀਲਡ ਕੁਟੇਸ਼ਨਾਂ/ਦਰਾਂ** ਕਾਲਜ ਦਫ਼ਤਰ ਵਿਖੇ ਜਮ੍ਹਾਂ ਕਰਵਾ ਸਕਦੇ ਹਨ।

ਕੁਟੇਸ਼ਨ ਵਿੱਚ ਹਰੇਕ ਕਿਸਮ ਦੇ ਸਮਾਨ ਲਈ **ਪ੍ਰਤੀ ਕਿਲੋਗ੍ਰਾਮ/ਪ੍ਰਤੀ ਇਕਾਈ ਦੇ ਹਿਸਾਬ ਨਾਲ ਸਪੱਸ਼ਟ ਦਰ** ਦਰਜ ਕੀਤੀ ਜਾਵੇ।

## ਨਿਯਮ ਅਤੇ ਸ਼ਰਤਾਂ

1. ਸਿਰਫ਼ ਰਜਿਸਟਰਡ ਫਰਮਾਂ/ਏਜੰਸੀਆਂ/ਅਧਿਕਾਰਤ ਡੀਲਰ ਹੀ ਇਸ ਕੁਟੇਸ਼ਨ ਪ੍ਰਕਿਰਿਆ ਵਿੱਚ ਭਾਗ ਲੈ ਸਕਦੇ ਹਨ।
2. ਇੱਛੁਕ ਫਰਮ/ਏਜੰਸੀ ਦਾ ਨੁਮਾਇੰਦਾ ਅੱਜ ਤੋਂ ਮਿਤੀ 24-08-2026 ਸਮਾਂ **ਸਵੇਰੇ 09:00 ਵਜੇ ਤੋਂ ਦੁਪਹਿਰ 02:00 ਵਜੇ ਤੱਕ** ਕਾਲਜ ਕੈਂਪਸ ਵਿਖੇ ਪਹੁੰਚ ਕੇ ਸਮਾਨ ਦਾ ਮੌਕੇ 'ਤੇ ਨਿਰੀਖਣ ਕਰ ਸਕਦਾ ਹੈ। ਸਮਾਨ ਦੀ ਮੌਜੂਦਾ ਹਾਲਤ ਦੇਖਣ ਤੋਂ ਬਾਅਦ ਹੀ ਆਪਣੀਆਂ ਦਰਾਂ ਪੇਸ਼ ਕੀਤੀਆਂ ਜਾਣ।
3. ਜਿਸ ਫਰਮ/ਏਜੰਸੀ ਦੀ ਕੁਟੇਸ਼ਨ ਸਵੀਕਾਰ ਕੀਤੀ ਜਾਵੇਗੀ, ਉਸ ਵੱਲੋਂ ਸਵੀਕਾਰ ਕੀਤੀ ਰਕਮ ਕਾਲਜ ਵੱਲੋਂ ਨਿਰਧਾਰਤ ਸਮੇਂ ਅੰਦਰ ਜਮ੍ਹਾਂ ਕਰਵਾਉਣੀ ਲਾਜ਼ਮੀ ਹੋਵੇਗੀ।

19.8.26.

Principal
Govt. Arts & Sports
College Jalandhar

4. ਸਵੀਕਾਰ ਕੀਤੀ ਕੁਟੇਸ਼ਨ ਵਾਲੀ ਫਰਮ/ਏਜੰਸੀ ਨੂੰ ਸਮਾਨ ਦੀ **ਲੋਡਿੰਗ, ਚੁਕਾਈ ਅਤੇ ਕਾਲਜ ਕੈਂਪਸ ਤੋਂ ਬਾਹਰ ਲਿਜਾਣ** ਦਾ ਸਾਰਾ ਖਰਚਾ ਅਤੇ ਜ਼ਿੰਮੇਵਾਰੀ ਖੁਦ ਉਠਾਉਣੀ ਹੋਵੇਗੀ। ਇਸ ਸਬੰਧੀ ਕਾਲਜ ਵੱਲੋਂ ਕਿਸੇ ਵੀ ਕਿਸਮ ਦਾ ਕਿਰਾਇਆ, ਢੁਆਈ ਖਰਚਾ ਜਾਂ ਹੋਰ ਭੁਗਤਾਨ ਨਹੀਂ ਕੀਤਾ ਜਾਵੇਗਾ।

5. ਸਬੰਧਤ ਫਰਮ/ਏਜੰਸੀ ਵੱਲੋਂ ਸਮਾਨ ਦਾ **ਤੋਲ (Weight)** ਕਾਲਜ ਵੱਲੋਂ ਗਠਿਤ ਕਮੇਟੀ ਦੀ ਹਾਜ਼ਰੀ ਵਿੱਚ ਕਰਵਾਇਆ ਜਾਵੇਗਾ।

6. ਸਮਾਨ ਦੀ ਚੁਕਾਈ ਤੋਂ ਪਹਿਲਾਂ ਸਬੰਧਤ ਫਰਮ/ਏਜੰਸੀ ਵੱਲੋਂ ਕਾਲਜ ਵੱਲੋਂ ਨਿਰਧਾਰਤ ਸਾਰੀਆਂ ਸ਼ਰਤਾਂ ਦੀ ਪਾਲਣਾ ਕਰਨੀ ਲਾਜ਼ਮੀ ਹੋਵੇਗੀ।

7. ਕਾਲਜ/ਕਮੇਟੀ ਨੂੰ ਕਿਸੇ ਇੱਕ ਜਾਂ ਸਾਰੀਆਂ INCOMPLETE ਕੁਟੇਸ਼ਨਾਂ ਨੂੰ **ਬਿਨਾਂ ਕੋਈ ਕਾਰਨ ਦੱਸੇ ਸਵੀਕਾਰ ਜਾਂ ਰੱਦ ਕਰਨ ਦਾ ਪੂਰਾ ਅਧਿਕਾਰ** ਹੋਵੇਗਾ।

8. ਕਮੇਟੀ ਵੱਲੋਂ ਲਏ ਗਏ ਫੈਸਲੇ ਨੂੰ ਅੰਤਿਮ ਮੰਨਿਆ ਜਾਵੇਗਾ ਅਤੇ ਇਸ ਸਬੰਧੀ ਕਿਸੇ ਵੀ ਫਰਮ/ਏਜੰਸੀ ਵੱਲੋਂ ਕੋਈ ਦਾਅਵਾ ਜਾਂ ਇਤਰਾਜ਼ ਸਵੀਕਾਰ ਨਹੀਂ ਕੀਤਾ ਜਾਵੇਗਾ।

9. ਕੁਟੇਸ਼ਨ ਪ੍ਰਕਿਰਿਆ ਵਿੱਚ ਭਾਗ ਲੈਣ ਲਈ ਕਿਸੇ ਵੀ ਫਰਮ/ਏਜੰਸੀ ਦੇ ਨੁਮਾਇੰਦੇ ਨੂੰ **TA/DA ਜਾਂ ਕਿਸੇ ਹੋਰ ਕਿਸਮ ਦਾ ਭੱਤਾ** ਕਾਲਜ ਵੱਲੋਂ ਨਹੀਂ ਦਿੱਤਾ ਜਾਵੇਗਾ।

**ਨੋਟ:** ਇੱਛੁਕ ਫਰਮਾਂ/ਏਜੰਸੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਕੁਟੇਸ਼ਨ ਦੇਣ ਤੋਂ ਪਹਿਲਾਂ ਸਮਾਨ ਦੀ ਹਾਲਤ ਅਤੇ ਉਪਲਬਧਤਾ ਦਾ ਮੌਕੇ 'ਤੇ ਨਿਰੀਖਣ ਕਰ ਲੈਣ। ਬਾਅਦ ਵਿੱਚ ਕਿਸੇ ਵੀ ਤਰ੍ਹਾਂ ਦਾ ਇਤਰਾਜ਼ ਸਵੀਕਾਰ ਨਹੀਂ ਕੀਤਾ ਜਾਵੇਗਾ।

19.8.26

Principal
Govt. Arts & Sports
College Jalandhar